Press Note [Punjabi Version]

ਓਪਨ ਯੂਨੀਵਰਸਿਟੀ ਵੱਲੋਂ 'ਡਿਜੀਟਲ ਸਾਖਰਤਾ ਅਤੇ ਨਵੀਨਤਾ" ਵਿਸ਼ੇ 'ਤੇ ਲੇਖ ਰਚਨਾ ਮੁਕਾਬਲਾ ਕਰਵਾਇਆ ਗਿਆ

ਪਟਿਆਲਾ: ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਵੱਲੋਂ ਅੱਜ 'NEP ਸਾਰਥੀ' ਪਹਿਲਕਦਮੀ ਦੇ ਤਹਿਤ ਇੱਕ ਲੇਖ ਰਚਨਾ ਮੁਕਾਬਲਾ ਸਫਲਤਾਪੂਰਵਕ ਕਰਵਾਇਆ ਗਿਆ। ਯੂਨੀਵਰਸਿਟੀ ਦੇ ਅਕਾਦਮਿਕ ਬਲਾਕ ਵਿੱਚ 'ਸਕੂਲ ਆਫ਼ ਐਜੂਕੇਸ਼ਨ ਐਂਡ ਵੋਕੇਸ਼ਨਲ ਸਟੱਡੀਜ਼' ਵੱਲੋਂ ਆਯੋਜਿਤ ਇਸ ਸਮਾਗਮ ਵਿੱਚ ਵੱਖ-ਵੱਖ ਉੱਚ ਸਿੱਖਿਆ ਸੰਸਥਾਵਾਂ ਦੇ 50 ਤੋਂ ਵੱਧ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਰਜਿਸਟ੍ਰੇਸ਼ਨ ਕਾਰਵਾਈ।

ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਰਤਨ ਸਿੰਘ ਨੇ ਜੇਤੂਆਂ ਅਤੇ ਸਮੂਹ ਭਾਗੀਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਅਕਾਦਮਿਕ ਯਤਨ ਨੌਜਵਾਨਾਂ ਨੂੰ ਰਾਸ਼ਟਰੀ ਸਿੱਖਿਆ ਨੀਤੀ ਦੇ ਵਿਜ਼ਨ ਨਾਲ ਜੋੜਨ ਲਈ ਬਹੁਤ ਮਹੱਤਵਪੂਰਨ ਹਨ। ਉਨ੍ਹਾਂ ਕਿਹਾ, "ਇਨ੍ਹਾਂ ਪ੍ਰੋਗਰਾਮਾਂ ਦਾ ਉਦੇਸ਼ ਵਿਦਿਆਰਥੀਆਂ ਨੂੰ ਰਾਸ਼ਟਰੀ ਸਿੱਖਿਆ ਨੀਤੀ ਦੀਆਂ ਪਰਿਵਰਤਨਕਾਰੀ ਸੰਭਾਵਨਾਵਾਂ ਬਾਰੇ ਜਾਗਰੂਕ ਕਰਨਾ ਅਤੇ ਉਨ੍ਹਾਂ ਨੂੰ ਹੁਨਰ ਵਿਕਾਸ ਤੇ ਸੰਪੂਰਨ ਸਿੱਖਿਆ ਰਾਹੀਂ ਜੀਵਨ ਵਿੱਚ ਉੱਚੇ ਟੀਚੇ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਨਾ ਹੈ।"

"ਡਿਜੀਟਲ ਸਾਖਰਤਾ ਅਤੇ ਨਵੀਨਤਾ" ਵਿਸ਼ੇ 'ਤੇ ਆਧਾਰਿਤ ਇਸ ਮੁਕਾਬਲੇ ਨੇ ਵਿਦਿਆਰਥੀਆਂ ਨੂੰ ਆਧੁਨਿਕ ਵਿਸ਼ਵ ਵਿੱਚ ਤਕਨਾਲੋਜੀ ਦੇ ਪ੍ਰਭਾਵ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਇੱਕ ਸਾਰਥਕ ਮੰਚ ਪ੍ਰਦਾਨ ਕੀਤਾ। ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਾਵਕੀ ਗੁਪਤਾ (ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ) ਨੇ ਪਹਿਲਾ, ਸੁਖਮਨ ਪ੍ਰੀਤ ਕੌਰ (ਸਟੇਟ ਕਾਲਜ ਆਫ਼ ਐਜੂਕੇਸ਼ਨ) ਨੇ ਦੂਜਾ ਅਤੇ ਅਰਮਾਨ (ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜੇਤੂਆਂ ਨੂੰ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਅਤੇ ਬਾਕੀ ਸਾਰੇ ਭਾਗੀਦਾਰਾਂ ਨੂੰ ਸ਼ਲਾਘਾ ਪੱਤਰ ਦਿੱਤੇ ਗਏ।

ਇਹ ਸਮਾਗਮ ਡਾ. ਵਿਨੋਦ ਕੁਮਾਰ (ਮੁਖੀ, ਸਕੂਲ ਆਫ਼ ਐਜੂਕੇਸ਼ਨ ਐਂਡ ਵੋਕੇਸ਼ਨਲ ਸਟੱਡੀਜ਼) ਦੀ ਪ੍ਰਧਾਨਗੀ ਹੇਠ ਹੋਇਆ ਅਤੇ ਡਾ. ਸ਼ੈਫਾਲੀ ਬੇਦੀ (NEP ਸਾਰਥੀ ਕੋਆਰਡੀਨੇਟਰ) ਵੱਲੋਂ ਇਸ ਦਾ ਸੰਚਾਲਨ ਕੀਤਾ ਗਿਆ। ਜਸਵੀਰ ਸਿੰਘ, ਡਾ. ਕਵਿਤਾ ਸਹਾਰਨ, ਡਾ. ਪ੍ਰੇਰਨਾ, ਡਾ. ਜਗਜੀਤ ਸਿੰਘ ਅਤੇ ਕੁਮਾਰੀ ਪਾਇਲ ਦੀ ਪ੍ਰਬੰਧਕੀ ਟੀਮ ਨੇ ਮੁਕਾਬਲੇ ਨੂੰ ਸਫਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ।

Press Note [English Version]

JGND PSOU ORGANIZES INTER-INSTITUTIONAL ESSAY WRITING COMPETITION

Under the esteemed leadership of Professor Rattan Singh, Vice Chancellor, Jagat Guru Nanak Dev Punjab State Open University, Patiala, organized a high-profile Essay Writing Competition at its Academic Block. Held under the aegis of the School of Education and Vocational Studies as part of the NEP Saarthi initiative, the event drew over 50 registered learners from various prestigious Higher Educational Institutions. In his address, Vice Chancellor Professor Rattan Singh emphasized the university';s pivotal role in shaping the youth of Punjab. He remarked that such initiatives are a testament to the university's commitment to the National Education Policy, aiming to enlighten students about educational reforms and inspiring them toward ambitious goals through holistic development. The competition, centered on the theme "Digital Literacy and Innovation," saw Pavki Gupta (Govt. Bikram College of Commerce) secure the first position, while Sukhman Preet Kaur (State College of Education) and Armaan (Govt. Bikram College of Commerce) stood second and third, respectively. The event was conducted under the chairmanship of Dr. Vinod Kumar and coordinated by Dr. Shefali Bedi, with active support from a faculty team including Jasvir Singh, Dr. Kavita Saharan, Dr. Prerna, Dr. Jagjit Singh, and Ms. Payal. The successful event underscored the university's mission to foster analytical excellence and digital empowerment.






ਓਪਨ ਯੂਨੀਵਰਸਿਟੀ ਨੇ 'ਡਿਜੀਟਲ ਸਾਖਰਤਾ ਅਤੇ ਨਵੀਨਤਾ' ਵਿਸ਼ੇ 'ਤੇ ਲੇਖ ਰਚਨਾ ਮੁਕਾਬਲਾ ਕਰਵਾਇਆ

ਜ਼ਿਲ੍ਹਾ ਪ੍ਰਧਾਨ ਗੋਪਾਲਪੁਰ ਨੇ ਬੱਸ ਨੂੰ ਝੰਡੀ ਦੇ ਕੇ ਗੁਰਧਾਮਾਂ ਦੇ

ਰੋਜ਼ਾਨਾ ਸਪੋਕਸਮੈਨ

RozanaSpokesman.com


daily PUNJAB TIMES Jalandhar | ਵੀਰਵਾਰ | 30 ਅਪ੍ਰੈਲ 2026

ਓਪਨ ਯੂਨੀਵਰਸਿਟੀ ਵੱਲੋਂ 'ਡਿਜੀਟਲ ਸਾਖਰਤਾ ਅਤੇ ਨਵੀਨਤਾ' ਵਿਸ਼ੇ 'ਤੇ ਲੇਖ ਰਚਨਾ ਮੁਕਾਬਲਾ ਕਰਵਾਇਆ ਗਿਆ



ਚੜ੍ਹਦੀਕਲਾ

epaper.charhdikala.com
30 Apr 2026 - Page 17

ਵਿੱਚੋਂ ਖ਼ਰੀਦ ਕੀਤੀ ਕਣਕ ਦੀ 2077 ਕਰੋੜ ਰੁਪਏ ਦੀ 100 ਫੀਸਦੀ ਦੀ ਖਰੀਦ ਵੀ ਉਸੇ ਹਿਸਾਬ ਨਾਲ ਕੀਤੀ ਜਾ ਰਹੀ ਹੈ, ਜਦਕਿ ਲਿਫਟਿੰਗ 830951 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ।

## ਓਪਨ ਯੂਨੀਵਰਸਿਟੀ ਵੱਲੋਂ 'ਡਿਜੀਟਲ ਸਾਖਰਤਾ ਅਤੇ ਨਵੀਨਤਾ' ਵਿਸ਼ੇ 'ਤੇ ਲੇਖ ਰਚਨਾ ਮੁਕਾਬਲਾ

ਪਟਿਆਲਾ, 29 ਅਪ੍ਰੈਲ (ਚ.ਨ.ਸ) : ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਵੱਲੋਂ ਅੱਜ 'NEP ਸਾਰਥੀ' ਪਹਿਲਕਦਮੀ ਦੇ ਤਹਿਤ ਇੱਕ ਲੇਖ ਰਚਨਾ ਮੁਕਾਬਲਾ ਸਫਲਤਾਪੂਰਵਕ ਕਰਵਾਇਆ ਗਿਆ। ਯੂਨੀਵਰਸਿਟੀ ਦੇ ਅਕਾਦਮਿਕ ਬਲਾਕ ਵਿੱਚ 'ਸਕੂਲ ਆਫ਼ ਐਜੂਕੇਸ਼ਨ ਐਂਡ ਵੋਕੇਸ਼ਨਲ ਸਟੱਡੀਜ਼' ਵੱਲੋਂ ਆਯੋਜਿਤ ਇਸ ਸਮਾਗਮ ਵਿੱਚ ਵੱਖ-ਵੱਖ ਉੱਚ ਸਿੱਖਿਆ ਸੰਸਥਾਵਾਂ ਦੇ 50 ਤੋਂ ਵੱਧ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਰਜਿਸਟ੍ਰੇਸ਼ਨ ਕਾਰਵਾਈ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਰਤਨ ਸਿੰਘ ਨੇ ਜੇਤੂਆਂ ਅਤੇ ਸਮੂਹ ਭਾਗੀਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਅਕਾਦਮਿਕ ਯਤਨ ਨੌਜਵਾਨਾਂ ਨੂੰ ਰਾਸ਼ਟਰੀ ਸਿੱਖਿਆ ਨੀਤੀ ਦੇ ਵਿਜ਼ਨ ਨਾਲ ਜੋੜਨ ਲਈ ਬਹੁਤ ਮਹੱਤਵਪੂਰਨ ਹਨ। 'ਡਿਜੀਟਲ ਸਾਖਰਤਾ ਅਤੇ ਨਵੀਨਤਾ' ਵਿਸ਼ੇ 'ਤੇ ਆਧਾਰਿਤ ਇਸ ਮੁਕਾਬਲੇ ਨੇ ਵਿਦਿਆਰਥੀਆਂ ਨੂੰ ਆਧੁਨਿਕ ਵਿਸ਼ਵ ਵਿੱਚ ਤਕਨਾਲੋਜੀ ਦੇ ਪ੍ਰਭਾਵ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਇੱਕ ਸਾਰਥਕ ਮੰਚ ਪ੍ਰਦਾਨ ਕੀਤਾ। ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਾਵਕੀ ਗੁਪਤਾ (ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ) ਨੇ ਪਹਿਲਾ, ਸੁਖਮਨ ਪ੍ਰੀਤ ਕੌਰ (ਸਟੇਟ ਕਾਲਜ ਆਫ਼ ਐਜੂਕੇਸ਼ਨ) ਨੇ ਦੂਜਾ ਅਤੇ ਅਰਮਾਨ (ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜੇਤੂਆਂ ਨੂੰ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਅਤੇ ਬਾਕੀ ਸਾਰੇ ਭਾਗੀਦਾਰਾਂ ਨੂੰ ਸ਼ਲਾਘਾ ਪੱਤਰ ਦਿੱਤੇ ਗਏ। ਇਹ ਸਮਾਗਮ ਡਾ. ਵਿਨੋਦ ਕੁਮਾਰ (ਮੁਖੀ, ਸਕੂਲ ਆਫ਼ ਐਜੂਕੇਸ਼ਨ ਐਂਡ ਵੋਕੇਸ਼ਨਲ ਸਟੱਡੀਜ਼) ਦੀ ਪ੍ਰਧਾਨਗੀ ਹੇਠ ਹੋਇਆ ਅਤੇ ਡਾ. ਸ਼ੈਫਾਲੀ ਬੇਦੀ (NEP ਸਾਰਥੀ ਕੋਆਰਡੀਨੇਟਰ) ਵੱਲੋਂ ਇਸ ਦਾ ਸੰਚਾਲਨ ਕੀਤਾ ਗਿਆ। ਜਸਵੀਰ ਸਿੰਘ, ਡਾ. ਕਵਿਤਾ ਸਹਾਰਨ, ਡਾ. ਪ੍ਰੇਰਨਾ, ਡਾ. ਜਗਜੀਤ ਸਿੰਘ ਅਤੇ ਕੁਮਾਰੀ ਪਾਇਲ ਦੀ ਪ੍ਰਬੰਧਕੀ ਟੀਮ ਨੇ ਮੁਕਾਬਲੇ ਨੂੰ ਸਫਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ।



## ਡਿਜੀਟਲ ਸਾਖਰਤਾ ਤੇ ਨਵੀਨਤਾ ਵਿਸ਼ੇ 'ਤੇ ਲੇਖ ਮੁਕਾਬਲਾ

ਗੁਰਨਾਮ ਸਿੰਘ ਅਕੀਦਾ
ਪਟਿਆਲਾ 29 ਅਪਰੈਲ

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਵੱਲੋਂ ਅੱਜ 'ਡਿਜੀਟਲ ਸਾਖਰਤਾ ਅਤੇ ਨਵੀਨਤਾ ਵਿਸ਼ੇ 'ਤੇ ਲੇਖ ਰਚਨਾ ਮੁਕਾਬਲਾ ਕਰਵਾਇਆ ਗਿਆ। ਯੂਨੀਵਰਸਿਟੀ ਦੇ ਅਕਾਦਮਿਕ ਬਲਾਕ ਵਿੱਚ ਸਕੂਲ ਆਫ਼ ਐਜੂਕੇਸ਼ਨ ਐਂਡ ਵੋਕੇਸ਼ਨਲ ਸਟੱਡੀਜ਼ ਵੱਲੋਂ ਕਰਵਾਏ ਸਮਾਗਮ ਵਿੱਚ ਵੱਖ-ਵੱਖ ਉੱਚ ਸਿੱਖਿਆ ਸੰਸਥਾਵਾਂ ਦੇ 50 ਤੋਂ ਵੱਧ ਵਿਦਿਆਰਥੀਆਂ ਨੇ ਰਜਿਸਟ੍ਰੇਸ਼ਨ ਕਾਰਵਾਈ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਰਤਨ ਸਿੰਘ ਨੇ ਜੇਤੂਆਂ ਤੇ ਸਮੂਹ ਭਾਗੀਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਅਕਾਦਮਿਕ ਯਤਨ ਨੌਜਵਾਨਾਂ ਨੂੰ ਰਾਸ਼ਟਰੀ ਸਿੱਖਿਆ ਨੀਤੀ ਦੇ ਵਿਜ਼ਨ ਨਾਲ ਜੋੜਨ ਲਈ ਬਹੁਤ ਮਹੱਤਵਪੂਰਨ ਹਨ। ਮੁਕਾਬਲੇ 'ਚ ਪਾਵਕੀ ਗੁਪਤਾ (ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ) ਨੇ ਪਹਿਲਾ, ਸੁਖਮਨ ਪ੍ਰੀਤ ਕੌਰ (ਸਟੇਟ ਕਾਲਜ ਆਫ਼ ਐਜੂਕੇਸ਼ਨ) ਨੇ ਦੂਜਾ ਅਤੇ ਅਰਮਾਨ (ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜੇਤੂਆਂ ਨੂੰ ਪੁਰਸਕਾਰਤੇ ਬਾਕੀ ਸਾਰੇ ਭਾਗੀਦਾਰਾਂ ਨੂੰ ਸ਼ਲਾਘਾ ਪੱਤਰ ਦਿੱਤੇ ਗਏ। ਇਹ ਸਮਾਗਮ ਡਾ. ਵਿਨੋਦ ਕੁਮਾਰ ਦੀ ਪ੍ਰਧਾਨਗੀ ਹੇਠ ਹੋਇਆ।

ਮੁਕਾਬਲੇ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀ।

ਪੰਜਾਬੀ ਟ੍ਰਿਬਿਊਨ 30 ਅਪ੍ਰੈਲ 2026

Link

https://www.instagram.com/p/DXrs5jzD-Ln/?utm_source=ig_web_copy_link&igsh=MzRlODBiNWFlZA==

https://www.facebook.com/share/p/14cAJU4gwar/